## 3. ਬੁੱਲ੍ਹੇ ਸ਼ਾਹ

### 1. ਬੁੱਲ੍ਹਾ ਕੀ ਜਾਣਾ ਮੈਂ ਕੌਣ

**(ੳ) ਨਾ ਮੈਂ ਮੋਮਨ ਵਿਚ ਮਸੀਤਾਂ,ਨਾ ਮੈਂ ਕੁਫ਼ਰ ਇਮਾਨ ਦੀਆਂ ਰੀਤਾਂ,**
**ਨਾ ਮੈਂ ਪਾਕਾਂ ਵਿਚ ਪਲੀਤਾਂ, ਨਾ ਮੈਂ ਮੂਸਾ ਨਾ ਫਿਰਔਨ।**
**ਬੁੱਲ੍ਹਾ ਕੀ ਜਾਣਾ ਮੈਂ ਕੌਣ ?**

**ਪ੍ਰਸੰਗ -** ਇਹ ਕਾਵਿ-ਟੋਟਾ ਦਸਵੀਂ ਜਮਾਤ ਦੀ ਪੰਜਾਬੀ ਦੀ 'ਸਹਿਤ-ਮਾਲਾ' ਪੁਸਤਕ ਵਿੱਚ ਦਰਜ ਬੁੱਲ੍ਹੇ ਸ਼ਾਹ ਦੀ ਲਿਖੀ ਕਾਫ਼ੀ 'ਬੁੱਲ੍ਹਾ ਕੀ ਜਾਣਾ ਮੈਂ ਕੌਣ' ਵਿੱਚੋਂ ਲਿਆ ਗਿਆ ਹੈ। ਇਸ ਕਾਫ਼ੀ ਵਿੱਚ ਬੁੱਲ੍ਹੇ ਸ਼ਾਹ ਆਪਣੀ ਆਤਮਾ ਦੀ ਅਸਲੀਅਤ ਨੂੰ ਪਛਾਨਣ ਦਾ ਯਤਨ ਕਰਦਾ ਹੈ।

**ਵਿਆਖਿਆ -** ਬੁੱਲ੍ਹੇ ਸ਼ਾਹ ਆਖਦਾ ਹੈ ਕਿ ਮੇਰੀ 'ਮੈਂ', ਮਸੀਤਾਂ ਵਿੱਚ ਰਹਿਣ ਵਾਲਾ ਮੁਸਲਮਾਨ ਸ਼ਰ੍ਹਾ ਦਾ ਪਾਬੰਦ ਮੋਮਨ ਹੋਣ ਵਿੱਚ ਨਹੀਂ ਹੈ। ਮੇਰੀ 'ਮੈਂ', ਕੁਫ਼ਰ ਜਾਂ ਇਮਾਨ ਦੇ ਝਗੜੇ ਵਿੱਚ ਪੈਣ ਵਿੱਚ ਵੀ ਨਹੀਂ ਹੈ। ਮੇਰੀ 'ਮੈਂ', ਆਪਣੇ ਆਪ ਨੂੰ ਪਵਿੱਤਰ ਜਾਂ ਅਪਵਿੱਤਰ ਲੋਕਾਂ ਵਿੱਚ ਗਿਣਨ ਵੀ ਨਹੀਂ ਹੈ। ਮੇਰੀ 'ਮੈਂ', ਮਿਸਰ ਦੇ ਬਾਦਸ਼ਾਹ ਫਿਰਔਨ ਵਾਂਗ ਹੰਕਾਰੀ ਹੋਣ ਵਿੱਚ ਵੀ ਨਹੀਂ ਹੈ ਅਤੇ ਫਿਰਔਨ ਦਾ ਮਾਣ ਤੋੜਨ ਵਾਲਾ ਮੂਸਾ ਹੋਣ ਵਿੱਚ ਵੀ ਨਹੀਂ ਹੈ। ਮੈਂ ਨਹੀਂ ਜਾਣਦਾ ਕਿ ਮੇਰੀ 'ਮੈਂ' ਕੀ ਹੈ।

**(ਅ) ਨਾ ਮੈਂ ਅੰਦਰ ਵੇਦ ਕਿਤਾਬਾਂ, ਨਾ ਮੈਂ ਭੰਗਾਂ ਵਿੱਚ ਸ਼ਰਾਬਾਂ,**
**ਨਾ ਵਿਚ ਰਿੰਦਾਂ ਮਸਤ ਖਰਾਬਾਂ, ਨਾ ਵਿਚ ਜਾਗਣ ਨਾ ਵਿਚ ਸੌਣ।**
**ਬੁੱਲ੍ਹਾ ਕੀ ਜਾਣਾ ਮੈਂ ਕੌਣ ?**

**ਪ੍ਰਸੰਗ -** ਇਹ ਕਾਵਿ-ਟੋਟਾ ਦਸਵੀਂ ਜਮਾਤ ਦੀ ਪੰਜਾਬੀ ਦੀ 'ਸਹਿਤ - ਮਾਲਾ' ਪੁਸਤਕ ਵਿੱਚ ਦਰਜ ਬੁੱਲ੍ਹੇ ਸ਼ਾਹ ਦੀ ਲਿਖੀ ਕਾਫ਼ੀ 'ਬੁੱਲ੍ਹਾ ਕੀ ਜਾਣਾ ਮੈਂ ਕੌਣ' ਵਿੱਚੋਂ ਲਿਆ ਗਿਆ ਹੈ। ਇਸ ਕਾਫ਼ੀ ਵਿੱਚ ਬੁੱਲ੍ਹੇ ਸ਼ਾਹ ਆਪਣੇ ਆਪ ਨੂੰ ਵੇਦਾਂ ਅਤੇ ਭੰਗ ਸ਼ਰਾਬ ਦੇ ਨਸ਼ਿਆਂ ਵਿਚੋਂ ਬਾਹਰ ਰੱਖ ਕੇ ਆਪਣੀ ਆਤਮਾ ਦੀ ਅਸਲੀਅਤ ਨੂੰ ਪਛਾਨਣ ਦਾ ਯਤਨ ਕਰਦਾ ਹੈ।

**ਵਿਆਖਿਆ -** ਬੁੱਲ੍ਹੇ ਸ਼ਾਹ ਕਹਿੰਦਾ ਹੈ ਕਿ ਮੇਰੀ 'ਮੈਂ' ਵੇਦ-ਪੁਰਾਣ ਅਤੇ ਹੋਰ ਧਾਰਮਿਕ ਗ੍ਰੰਥ ਪੜ੍ਹਨ ਵਾਲਿਆਂ ਵਿੱਚ ਸ਼ਾਮਲ ਹੋਣ ਵਿੱਚ ਨਹੀਂ ਹੈ ਅਤੇ ਨਾ ਹੀ ਮੇਰੀ 'ਮੈਂ' ਭੰਗ ਜਾਂ ਸ਼ਰਾਬ ਪੀਣ ਵਾਲਿਆਂ ਵਿੱਚ ਸ਼ਾਮਿਲ ਹੋਣ ਵਿੱਚ ਹੈ। ਨਾ ਮੇਰੀ 'ਮੈਂ' ਮਲੰਗਾਂ ਵਿੱਚ ਸ਼ਾਮਲ ਹੋਣ ਵਿੱਚ ਹੈ ਅਤੇ ਨਾ ਹੀ ਮੇਰੀ 'ਮੈਂ' ਨਸ਼ਾ ਪੀ ਕੇ ਬਦਮਸਤ ਹੋਣ ਵਾਲਿਆਂ ਵਿੱਚ ਹੈ। ਨਾ ਮੇਰੀ 'ਮੈਂ' ਜਗਰਾਤੇ ਕੱਟਣ ਵਾਲਿਆਂ ਵਿੱਚ ਸ਼ਾਮਿਲ ਹੋਣ ਵਿੱਚ ਹੈ ਅਤੇ ਨਾ ਹੀ ਸੁੱਤੇ ਰਹਿਣ ਵਾਲਿਆਂ ਵਿੱਚ ਹੋਣ ਕਰਕੇ ਹੈ। ਮੈਂ ਇਹ ਨਹੀਂ ਜਾਣਦਾ ਕਿ ਮੇਰੀ 'ਮੈਂ' ਕਿਸ ਵਿੱਚ ਹੈ ਅਤੇ ਕੀ ਹੈ।

**(ੲ) ਨਾ ਵਿਚ ਸ਼ਾਦੀ ਨਾ ਗ਼ਮਨਾਕੀ, ਨਾ ਮੈਂ ਵਿਚ ਪਲੀਤੀ ਪਾਕੀ,**
**ਨਾ ਮੈਂ ਆਬੀ ਨਾ ਮੈਂ ਖ਼ਾਕੀ, ਨਾ ਮੈਂ ਆਤਿਸ਼ ਨਾ ਮੈਂ ਪੌਣ।**
**ਬੁੱਲ੍ਹਾ ਕੀ ਜਾਣਾ ਮੈਂ ਕੌਣ ?**

**ਪ੍ਰਸੰਗ -** ਇਹ ਕਾਵਿ-ਟੋਟਾ ਦਸਵੀਂ ਜਮਾਤ ਦੀ ਪੰਜਾਬੀ ਦੀ 'ਸਹਿਤ - ਮਾਲਾ' ਪੁਸਤਕ ਵਿੱਚ ਦਰਜ ਬੁੱਲ੍ਹੇ ਸ਼ਾਹ ਦੀ ਲਿਖੀ ਕਾਫ਼ੀ 'ਬੁੱਲ੍ਹਾ ਕੀ ਜਾਣਾ ਮੈਂ ਕੌਣ' ਵਿੱਚੋਂ ਲਿਆ ਗਿਆ ਹੈ। ਇਸ ਕਾਫ਼ੀ ਵਿੱਚ ਬੁੱਲ੍ਹੇ ਸ਼ਾਹ ਆਪਣੇ ਆਪ ਨੂੰ ਖੁਸ਼ੀਆਂ,ਗਮੀਆਂ ਅਤੇ ਪਵਿੱਤਰ ਲੋਕਾਂ ਵਿਚੋਂ ਬਾਹਰ ਰੱਖ ਕੇ ਆਪਣੀ ਆਤਮਾ ਦੀ ਅਸਲੀਅਤ ਨੂੰ ਪਹਿਚਾਨਣ ਦਾ ਯਤਨ ਕਰਦਾ ਹੈ।

**ਵਿਆਖਿਆ -** ਬੁੱਲ੍ਹੇ ਸ਼ਾਹ ਕਹਿੰਦਾ ਹੈ ਕਿ ਮੇਰੀ 'ਮੈਂ' ਖੁਸ਼ੀਆਂ ਮਨਾਉਣ ਵਾਲਿਆਂ ਵਿੱਚ ਸ਼ਾਮਿਲ ਹੋਣ ਵਿੱਚ ਨਹੀਂ ਹੈ ਅਤੇ ਨਾ ਹੀ ਦੁਖੀ ਰਹਿਣ ਵਾਲਿਆਂ ਵਿੱਚ ਹੈ। ਨਾ ਮੇਰੀ 'ਮੈਂ' ਪਵਿੱਤਰ ਲੋਕਾਂ ਵਿੱਚ ਹੈ ਅਤੇ ਨਾ ਹੀ ਅਪਵਿੱਤਰ ਲੋਕਾਂ ਵਿੱਚ ਸ਼ਾਮਿਲ ਹੋਣ ਵਿੱਚ ਹੈ। ਨਾ ਮੇਰੀ 'ਮੈਂ' ਪਾਣੀ ਦਾ ਬਣਿਆ ਹੋਇਆ ਹੋਣ ਵਿੱਚ ਹੈ ਅਤੇ ਨਾ ਹੀ ਮਿੱਟੀ ਦਾ ਬਣਿਆ ਹੋਇਆ ਹੋਣ ਵਿੱਚ ਹੈ। ਨਾ ਮੇਰੀ 'ਮੈਂ' ਅੱਗ ਦਾ ਬਣਿਆ ਹੋਣ ਵਿੱਚ ਹੈ ਅਤੇ ਨਾ ਹੀ ਹਵਾ ਦਾ ਬਣਿਆ ਹੋਣ ਵਿੱਚ ਹੈ। ਮੈਂ ਨਹੀਂ ਜਾਣਦਾ ਕਿ ਮੇਰੀ 'ਮੈਂ' ਕੀ ਹੈ ਅਤੇ ਮੈਂ ਕੌਣ ਹਾਂ।

**(ਸ) ਨਾ ਮੈਂ ਅਰਬੀ ਨਾ ਲਾਹੌਰੀ, ਨਾ ਮੈਂ ਹਿੰਦੀ ਸ਼ਹਿਰ ਨਗੌਰੀ,**
**ਨਾ ਹਿੰਦੂ ਨਾ ਤੁਰਕ ਪਸ਼ੌਰੀ, ਨਾ ਮੈਂ ਰਹਿੰਦਾ ਵਿਚ ਨਦੌਣ ।**
**ਬੁੱਲ੍ਹਾ ਕੀ ਜਾਣਾ ਮੈਂ ਕੌਣ ?**

**ਪ੍ਰਸੰਗ -** ਇਹ ਕਾਵਿ-ਟੋਟਾ ਦਸਵੀਂ ਜਮਾਤ ਦੀ ਪੰਜਾਬੀ ਦੀ 'ਸਹਿਤ - ਮਾਲਾ' ਪੁਸਤਕ ਵਿੱਚ ਦਰਜ ਬੁੱਲ੍ਹੇ ਸ਼ਾਹ ਦੀ ਲਿਖੀ ਕਾਫ਼ੀ 'ਬੁੱਲ੍ਹਾ ਕੀ ਜਾਣਾ ਮੈਂ ਕੌਣ' ਵਿੱਚੋਂ ਲਿਆ ਗਿਆ ਹੈ। ਇਸ ਕਾਫ਼ੀ ਵਿੱਚ ਬੁੱਲ੍ਹੇ ਸ਼ਾਹ ਆਪਣੇ ਆਪ ਨੂੰ ਧਰਮ, ਖੇਤਰ ਅਤੇ ਭਾਸ਼ਾ ਦੀਆਂ ਬੰਦਸ਼ਾਂ ਵਿਚੋਂ ਬਾਹਰ ਦੱਸ ਕੇ ਆਪਣੀ ਆਤਮਾ ਦੀ ਅਸਲੀਅਤ ਨੂੰ ਪਹਿਚਾਨਣ ਦਾ ਯਤਨ ਕਰਦਾ ਹੈ।

**ਵਿਆਖਿਆ -** ਬੁੱਲ੍ਹੇ ਸ਼ਾਹ ਕਹਿੰਦਾ ਹੈ ਕਿ ਨਾ ਮੇਰੀ 'ਮੈਂ' ਅਰਬ ਦਾ ਰਹਿਣ ਵਾਲਾ ਹੋਣ ਵਿੱਚ ਹੈ ਅਤੇ ਨਾ ਹੀ ਲਾਹੌਰ ਦਾ ਰਹਿਣ ਵਾਲਾ ਹੋਣ ਵਿੱਚ ਹੈ। ਨਾ ਮੇਰੀ 'ਮੈਂ' ਹਿੰਦੀ ਹੋਣ ਵਿੱਚ ਹੈ ਅਤੇ ਨਾ ਹੀ ਨਗੌਰ ਸ਼ਹਿਰ ਦਾ ਰਹਿਣ ਵਾਲਾ ਹੋਣ ਵਿੱਚ ਹੈ। ਨਾ ਮੇਰੀ 'ਮੈਂ' ਹਿੰਦੂ ਹੋਣ ਵਿੱਚ ਹੈ , ਨਾ ਪਿਸ਼ੌਰੀ ਤੁਰਕ ਹੋਣ ਵਿੱਚ ਹੈ ਅਤੇ ਨਾ ਹੀ ਨਦੌਣ ਦੇ ਸੂਫੀ ਤਕੀਏ ਨਾਲ ਸਬੰਧ ਰੱਖਣ ਵਾਲਾ ਹੋਣ ਵਿੱਚ ਹੈ। ਮੈਂ ਕੁਝ ਨਹੀਂ ਜਾਣਦਾ ਕਿ ਮੇਰੀ 'ਮੈਂ' ਕੀ ਹੈ ਜਾਂ ਕੀ ਹੋਣ ਵਿੱਚ ਹੈ।

**(ਹ) ਨਾ ਮੈਂ ਭੇਦ ਮਜ਼ਬ ਦਾ ਪਾਇਆ, ਨਾ ਮੈਂ ਆਦਮ ਹੱਵਾ ਜਾਇਆ,**
**ਨਾ ਮੈਂ ਆਪਣਾ ਨਾਮ ਧਰਾਇਆ, ਨਾ ਵਿਚ ਬੈਠਣ ਨਾ ਵਿਚ ਭੌਣ ।**
**ਬੁੱਲ੍ਹਾ ਕੀ ਜਾਣਾ ਮੈਂ ਕੌਣ ?**

**ਪ੍ਰਸੰਗ -** ਇਹ ਕਾਵਿ-ਟੋਟਾ ਦਸਵੀਂ ਜਮਾਤ ਦੀ ਪੰਜਾਬੀ ਦੀ 'ਸਹਿਤ - ਮਾਲਾ' ਪੁਸਤਕ ਵਿੱਚ ਦਰਜ ਬੁੱਲ੍ਹੇ ਸ਼ਾਹ ਦੀ ਲਿਖੀ ਕਾਫ਼ੀ 'ਬੁੱਲ੍ਹਾ ਕੀ ਜਾਣਾ ਮੈਂ ਕੌਣ' ਵਿੱਚੋਂ ਲਿਆ ਗਿਆ ਹੈ। ਇਸ ਕਾਫ਼ੀ ਵਿੱਚ ਬੁੱਲ੍ਹੇ ਸ਼ਾਹ ਆਪਣੇ ਆਪ ਨੂੰ ਜਾਤ-ਪਾਤ ਅਤੇ ਰਿਸ਼ਤਿਆਂ ਦੀਆਂ ਬੰਦਸ਼ਾਂ ਵਿਚੋਂ ਬਾਹਰ ਦੱਸ ਕੇ ਆਪਣੀ ਅਸਲੀਅਤ ਦੀ ਪਛਾਣ ਕਰਨ ਦਾ ਯਤਨ ਕਰਦਾ ਹੈ।

**ਵਿਆਖਿਆ** - ਬੁੱਲ੍ਹੇ ਸ਼ਾਹ ਕਹਿੰਦਾ ਹੈ ਕਿ ਮੇਰੀ 'ਮੈਂ' ਮਜ਼ਬ ਦਾ ਭੇਤ ਜਾਣਨ ਵਿੱਚ ਨਹੀਂ ਹੈ। ਮੇਰੀ 'ਮੈਂ' ਬਾਬੇ ਆਦਮ ਤੇ ਮਾਈ ਹੱਵਾ ਦਾ ਪੁੱਤਰ ਹੋਣ ਵਿੱਚ ਵੀ ਨਹੀਂ ਹੈ ਅਤੇ ਨਾ ਹੀ ਮੇਰੀ 'ਮੈਂ' ਇਸ ਸੰਸਾਰ ਵਿੱਚ ਆਪਣਾ ਵੱਡਾ ਨਾਂਅ ਕਰਵਾਉਣ ਵਿੱਚ ਹੈ। ਨਾ ਮੇਰੀ 'ਮੈਂ' ਇਕ ਥਾਂ ਡੇਰਾ ਲਾਉਣ ਵਾਲੇ ਫ਼ਕੀਰ ਹੋਣ ਵਿੱਚ ਹੈ ਅਤੇ ਨਾ ਹੀ ਘੁੰਮਣ ਵਾਲਿਆਂ ਵਿੱਚ ਹੋਣ ਸ਼ਾਮਿਲ ਹੋਣ ਵਿੱਚ ਹੈ। ਮੈਂ ਨਹੀਂ ਜਾਣਦਾ ਹਾਂ ਕਿ ਮੇਰੀ 'ਮੈਂ' ਕੀ ਹੈ।

**(ਕ) ਅੱਵਲ ਆਖਰ ਆਪ ਨੂੰ ਜਾਣਾਂ, ਨਾ ਕੋਈ ਦੂਜਾ ਹੋਰ ਪਛਾਣਾ,**
**ਮੈਥੋਂ ਹੋਰ ਨਾ ਕੋਈ ਸਿਆਣਾ, ਬੁਲ੍ਹਾ ਸ਼ਾਹ ਖੜ੍ਹਾ ਹੈ ਕੌਣ ।**
**ਬੁੱਲ੍ਹਾ ਕੀ ਜਾਣਾ ਮੈਂ ਕੌਣ ?**

**ਪ੍ਰਸੰਗ -** ਇਹ ਕਾਵਿ-ਟੋਟਾ ਦਸਵੀਂ ਜਮਾਤ ਦੀ ਪੰਜਾਬੀ ਦੀ 'ਸਹਿਤ - ਮਾਲਾ' ਪੁਸਤਕ ਵਿੱਚ ਦਰਜ ਬੁੱਲ੍ਹੇ ਸ਼ਾਹ ਦੀ ਲਿਖੀ ਕਾਫ਼ੀ 'ਬੁੱਲ੍ਹਾ ਕੀ ਜਾਣਾ ਮੈਂ ਕੌਣ' ਵਿੱਚੋਂ ਲਿਆ ਗਿਆ ਹੈ। ਇਸ ਕਾਫ਼ੀ ਵਿੱਚ ਬੁੱਲ੍ਹੇ ਸ਼ਾਹ ਰੱਬ ਦੀ ਹੋਂਦ ਤੋਂ ਇਲਾਵਾ ਸਭ ਕੁਝ ਨਿਕਾਰਦਾ ਹੋਇਆ ਆਪਣੀ ਆਤਮਾ ਦੀ ਅਸਲੀਅਤ ਨੂੰ ਪਛਾਨਣ ਦਾ ਯਤਨ ਕਰਦਾ ਹੈ।

**ਵਿਆਖਿਆ -** ਬੁੱਲ੍ਹੇ ਸ਼ਾਹ ਕਹਿੰਦਾ ਹੈ ਹੇ ਪ੍ਰਭੂ! ਮੇਰੀ 'ਮੈਂ' ਕਿਸੇ ਵੀ ਸਥਿਤੀ ਵਿੱਚ ਵੀ ਮੌਜੂਦ ਨਹੀਂ। ਮੈਂ ਮੁੱਢ-ਕਦੀਮ ਤੋਂ ਅੰਤ ਤੱਕ ਇੱਕ ਤੈਨੂੰ ਹੀ ਜਾਣਦਾ ਹਾਂ ਅਤੇ ਤੇਰੇ ਤੋਂ ਬਿਨਾਂ ਮੈਂ ਹੋਰ ਕਿਸੇ ਨੂੰ ਪਛਾਣਦਾ ਵੀ ਨਹੀਂ ਹਾਂ। ਮੈਥੋਂ ਤੇਰੇ ਬਿਨਾਂ ਕਿਸੇ ਹੋਰ ਦੀ ਪਛਾਣ ਹੀ ਨਹੀਂ ਹੁੰਦੀ ਅਤੇ ਬੁੱਲ੍ਹੇ ਸ਼ਾਹ ਦੀ ਹਸਤੀ ਤੇਰੇ ਸਾਹਮਣੇ ਕੁਝ ਵੀ ਨਹੀਂ ਹੈ। ਮੈਂ ਕੇਵਲ ਤੇਰੀ ਹਸਤੀ ਨੂੰ ਜਾਣਦਾ ਹਾਂ, ਇਸ ਤੋਂ ਇਲਾਵਾ ਪ੍ਰਭੂ ਮੈਂ ਨਹੀਂ ਜਾਣਦਾ ਕਿ ਮੇਰੀ 'ਮੈਂ' ਕੀ ਹੈ ।

## ਕੇਂਦਰੀ ਭਾਵ

ਸੂਫੀ ਰਹੱਸਵਾਦੀ ਅਨੁਭਵ ਰਾਹੀਂ ਰੱਬ ਨਾਲ ਇਕਮਿਕਤਾ ਨੂੰ ਪ੍ਰਾਪਤ ਕਰਕੇ ਮਨੁੱਖ ਦੀ ਆਪਣੀ 'ਮੈਂ' ਦੀ ਕਿਸੇ ਸਥਿਤੀ ਵਿੱਚ ਵੀ ਕੋਈ ਹੋਂਦ ਨਹੀਂ ਰਹਿੰਦੀ ਅਤੇ ਉਸ ਨੂੰ ਆਪਣੇ-ਆਪ ਸਮੇਤ ਸਾਰਾ ਸੰਸਾਰ ਉਸ ਸੱਚੇ ਰੱਬ ਦਾ ਰੂਪ ਹੀ ਦਿਖਾਈ ਦਿੰਦਾ ਹੈ।

## ਵਸਤੂਨਿਸ਼ਠ ਪ੍ਰਸ਼ਨ

**ਪ੍ਰਸ਼ਨ 1. 'ਬੁੱਲ੍ਹਾ ਕੀ ਜਾਣਾ ਮੈਂ ਕੌਣ' ਕਿਸ ਦੀ ਰਚਨਾ ਹੈ?**

ਉੱਤਰ - ਬੁੱਲ੍ਹੇ ਸ਼ਾਹ ਦੀ ।

**ਪ੍ਰਸ਼ਨ 2. ਬੁੱਲ੍ਹੇ ਸ਼ਾਹ ਆਪਣੇ ਆਪ ਨੂੰ ਕਿੰਨਾ ਰੀਤਾਂ ਦਾ ਪਾਬੰਦ ਨਹੀਂ ਮੰਨਦਾ ?**

ਉੱਤਰ - ਕੁਫ਼ਰ ਜਾਂ ਇਮਾਨ ਦੀਆਂ ।

**ਪ੍ਰਸ਼ਨ 3. ਫਿਰਔਨ ਕਿੱਥੋਂ ਦਾ ਹੰਕਾਰੀ ਬਾਦਸ਼ਾਹ ਸੀ ?**

ਉੱਤਰ - ਮਿਸਰ ਦਾ ?

**ਪ੍ਰਸ਼ਨ 4. ਬੁੱਲ੍ਹੇ ਸ਼ਾਹ ਕਿਹੜੀ ਇੱਕੋ ਗੱਲ ਨੂੰ ਜਾਣਦਾ ਹੈ ?**

ਉੱਤਰ - ਰੱਬ ਦੀ ਹੋਂਦ ਨੂੰ ।

**ਪ੍ਰਸ਼ਨ 5. ਫਿਰਔਨ ਦਾ ਮਾਣ ਕਿਸ ਨੇ ਤੋੜਿਆ ਸੀ ?**

ਉੱਤਰ - ਹਜ਼ਰਤ ਮੂਸਾ ਨੇ ।

**ਪ੍ਰਸ਼ਨ 6. ਬੁੱਲ੍ਹੇ ਸ਼ਾਹ ਕਿਸ ਭੇਦ ਨੂੰ ਪਾਉਣ ਦਾ ਦਾਅਵਾ ਨਹੀਂ ਕਰਦਾ ?**

ਉੱਤਰ – ਮਜ਼ਬ ਦਾ ।

## 2. ਇਸ਼ਕ ਦੀ ਨਵੀਉਂ ਨਵੀਂ ਬਹਾਰ

**(ੳ) ਫੂਕ ਮੁਸੱਲਾ ਭੰਨ ਸਿੱਟ ਲੋਟਾ, ਨਾ ਫੜ ਤਸਬੀ ਕਾਸਾ ਸੋਟਾ,**
**ਆਲਿਮ ਕਹਿੰਦਾ ਦੇ ਦੇ ਹੋਕਾ, ਤਰਕ ਹਲਾਲੋਂ ਖਾ ਮੁਰਦਾਰ ।**
**ਇਸ਼ਕ ਦੀ ਨਵੀਉਂ ਨਵੀਂ ਬਹਾਰ ।**

**ਪ੍ਰਸੰਗ -** ਇਹ ਕਾਵਿ-ਟੋਟਾ ਦਸਵੀਂ ਜਮਾਤ ਦੀ ਪੰਜਾਬੀ ਦੀ 'ਸਹਿਤ-ਮਾਲਾ' ਪੁਸਤਕ ਵਿੱਚ ਦਰਜ ਬੁੱਲ੍ਹੇ ਸ਼ਾਹ ਦੀ ਲਿਖੀ ਕਾਫ਼ੀ 'ਇਸ਼ਕ ਦੀ ਨਵੀਉਂ ਨਵੀਂ ਬਹਾਰ' ਵਿੱਚੋਂ ਲਿਆ ਗਿਆ ਹੈ। ਇਸ ਕਾਫ਼ੀ ਵਿੱਚ ਕਵੀ ਆਪਣੇ ਸੂਫ਼ੀ ਵਿਚਾਰਾਂ ਅਨੁਸਾਰ ਮਜ਼੍ਹਬੀ ਕਰਮ-ਕਾਂਡ ਦਾ ਖੰਡਨ ਕਰਦਾ ਹੈ ਅਤੇ ਰੱਬੀ ਇਸ਼ਕ ਦੁਆਰਾ ਪ੍ਰਾਪਤ ਆਨੰਦਮਈ ਅਵਸਥਾ ਦਾ ਗੁਣ-ਗਾਣ ਕਰਦਾ ਹੈ।

**ਵਿਆਖਿਆ -** ਬੁੱਲ੍ਹੇ ਸ਼ਾਹ ਆਖਦਾ ਹੈ ਕਿ ਸ਼ਫ਼ ਨੂੰ ਫੂਕ ਦਿਓ ਅਤੇ ਲੋਟੇ ਨੂੰ ਭੰਨ ਕੇ ਛੁੱਟ ਦਿਓ। ਫ਼ਕੀਰੀ ਦੇ ਚਿੰਨ ਮਾਲਾ, ਕਚਕੌਲ ਤੇ ਸੋਟਾ ਆਦਿ ਫੜ੍ਹਨ ਦੀ ਕੋਈ ਜ਼ਰੂਰਤ ਨਹੀਂ ਹੈ । ਰੱਬੀ ਗਿਆਨ ਦੀ ਸਮਝ ਰੱਖਣ ਵਾਲਾ ਇਹ ਆਖਦਾ ਹੈ ਕਿ ਸਾਰੇ ਸੰਸਾਰ ਵਿੱਚ ਇਨ੍ਹਾਂ ਵਿਚਾਰਾਂ ਦਾ ਹੋਕਾ ਦੇ ਦੇਵੋ ਕਿ ਹਲਾਲ ਜਾਂ ਹਰਾਮ ਦੇ ਝਗੜੇ ਵਿੱਚ ਨਾ ਪਵੋ। ਰੱਬ ਨਾਲ ਇਸ਼ਕ ਦੀ ਬਹਾਰ ਨਵੀਉਂ ਨਵੀਂ ਹੈ। ਭਾਵ ਰੱਬ ਦੇ ਆਸ਼ਿਕ ਮਜ਼ਹਬੀ ਬੰਧਨਾਂ ਦੀ ਪਰਵਾਹ ਨਹੀਂ ਕਰਦੇ ਅਤੇ ਉੱਚੀ ਅਵਸਥਾ ਵਿੱਚ ਵਿਚਰਦੇ ਹਨ।

**(ਅ) ਉਮਰ ਗਵਾਈ ਵਿਚ ਮਸੀਤੀ , ਅੰਦਰ ਭਰਿਆ ਨਾਲ ਪਲੀਤੀ,**
**ਕਦੇ ਨਮਾਜ਼ ਵਹਿਦਤ ਨਾ ਕੀਤੀ, ਹੁਣ ਕਿਉਂ ਕਰਨਾ ਏਂ ਧਾੜੋ ਧਾੜ ।**
**ਇਸ਼ਕ ਦੀ ਨਵੀਉਂ ਨਵੀਂ ਬਹਾਰ ।**

**ਪ੍ਰਸੰਗ -** ਇਹ ਕਾਵਿ-ਟੋਟਾ ਦਸਵੀਂ ਜਮਾਤ ਦੀ ਪੰਜਾਬੀ ਦੀ 'ਸਹਿਤ-ਮਾਲਾ' ਪੁਸਤਕ ਵਿੱਚ ਦਰਜ ਬੁੱਲ੍ਹੇ ਸ਼ਾਹ ਦੀ ਲਿਖੀ ਕਾਫ਼ੀ 'ਇਸ਼ਕ ਦੀ ਨਵੀਉਂ ਨਵੀਂ ਬਹਾਰ' ਵਿੱਚੋਂ ਲਿਆ ਗਿਆ ਹੈ। ਇਸ ਕਾਫ਼ੀ ਵਿੱਚ ਕਵੀ ਧਾਰਮਿਕ ਸਥਾਨ ਤੇ ਜਾ ਕੇ ਲੰਘਾਏ ਸਮੇਂ ਨੂੰ ਵਿਅਰਥ ਦੱਸਕੇ ਆਪਣੇ ਸੂਫ਼ੀ ਵਿਚਾਰਾਂ ਅਨੁਸਾਰ ਮਜ਼੍ਹਬੀ ਕਰਮ-ਕਾਂਡ ਦਾ ਖੰਡਨ ਕਰਦਾ ਹੈ ਅਤੇ ਰੱਬੀ ਇਸ਼ਕ ਦੁਆਰਾ ਪ੍ਰਾਪਤ ਆਨੰਦਮਈ ਅਵਸਥਾ ਦਾ ਗੁਣ-ਗਾਣ ਕਰਦਾ ਹੈ।

**ਵਿਆਖਿਆ -** ਬੁੱਲ੍ਹੇ ਸ਼ਾਹ ਆਖਦਾ ਹੈ ਕਿ ਬੰਦਾ ਆਪਣੀ ਸਾਰੀ ਉਮਰ ਪਵਿੱਤਰ ਮਸੀਤ ਵਿੱਚ ਗੁਜ਼ਾਰਦਾ ਹੈ, ਪਰ ਨੇਕ ਕੰਮ ਨਾ ਕਰਨ ਕਰਕੇ ਉਸ ਦਾ ਅੰਦਰ ਗੁਨਾਹਾਂ ਅਤੇ ਪਾਪਾਂ ਨਾਲ ਭਰਿਆ ਰਹਿੰਦਾ ਹੈ। ਉਹ ਕਦੇ ਵੀ ਸੱਚੇ ਦਿਲੋਂ ਰੱਬ ਦੀ ਬੰਦਗੀ ਨਹੀਂ ਕਰਦਾ, ਪਰ ਸਮਾਂ ਲੰਘ ਜਾਣ ਤੇ ਉਹ ਹਫੜਾ - ਦਫੜੀ ਵਿੱਚ ਪੈ ਜਾਂਦਾ ਹੈ। ਪਰਮਾਤਮਾ ਦੇ ਇਸ਼ਕ ਦੀ ਬਹਾਰ ਨਵੀਓਂ ਨਵੀਂ ਹੈ। ਪਰਮਾਤਮਾ ਦੇ ਸੱਚੇ ਆਸ਼ਕ ਦਿਖਾਵੇ ਨਹੀਂ ਕਰਦੇ, ਸਗੋਂ ਉਹ ਇਸ਼ਕ ਤੋਂ ਪ੍ਰਾਪਤ ਹੋਣ ਵਾਲੀ ਪ੍ਰਮਾਤਮਾ ਨਾਲ ਇਕਮਿਕਤਾ ਦੀ ਬਹਾਰ ਨੂੰ ਮਾਣਦੇ ਹਨ।

**(ੲ) ਜਾਂ ਮੈਂ ਸਬਕ ਇਸ਼ਕ ਦਾ ਪੜ੍ਹਿਆ, ਮਸਜਦ ਕੋਲੋਂ ਜੀਉੜਾ ਡਰਿਆ,**
**ਭਜ ਭਜ ਠਾਕਰ ਦਵਾਰੇ ਵੜਿਆ, ਘਰ ਵਿੱਚ ਪਾਇਆ ਮਹਿਰਮ ਯਾਰ।**
**ਇਸ਼ਕ ਦੀ ਨਵੀਉਂ ਨਵੀਂ ਬਹਾਰ ।**

**ਪ੍ਰਸੰਗ -** ਇਹ ਕਾਵਿ-ਟੋਟਾ ਦਸਵੀਂ ਜਮਾਤ ਦੀ ਪੰਜਾਬੀ ਦੀ 'ਸਹਿਤ-ਮਾਲਾ' ਪੁਸਤਕ ਵਿੱਚ ਦਰਜ ਬੁੱਲ੍ਹੇ ਸ਼ਾਹ ਦੀ ਲਿਖੀ ਕਾਫ਼ੀ 'ਇਸ਼ਕ ਦੀ ਨਵੀਉਂ ਨਵੀਂ ਬਹਾਰ' ਵਿੱਚੋਂ ਲਿਆ ਗਿਆ ਹੈ। ਇਸ ਕਾਫ਼ੀ ਵਿੱਚ ਕਵੀ ਦੱਸਦਾ ਹੈ ਕਿ ਮੈਨੂੰ ਰੱਬ ਧਾਰਮਿਕ

ਸਥਾਨ ਵਿੱਚੋਂ ਨਹੀਂ ਆਪਣੇ ਹਿਰਦੇ ਵਿਚੋਂ ਪ੍ਰਾਪਤ ਹੋਇਆ ਹੈ। ਕਵੀ ਆਪਣੇ ਸੂਫ਼ੀ ਵਿਚਾਰਾਂ ਅਨੁਸਾਰ ਮਜ਼ਬੀ ਕਰਮ-ਕਾਂਡ ਦਾ ਖੰਡਨ ਕਰਦਾ ਹੈ ਅਤੇ ਰੱਬੀ ਇਸ਼ਕ ਦੁਆਰਾ ਪ੍ਰਾਪਤ ਆਨੰਦਮਈ ਅਵਸਥਾ ਦਾ ਗੁਣ-ਗਾਣ ਕਰਦਾ ਹੈ।

**ਵਿਆਖਿਆ -** ਬੁੱਲ੍ਹੇ ਸ਼ਾਹ ਕਹਿੰਦਾ ਹੈ ਕਿ ਜਦੋਂ ਮੈਂ ਆਪਣੇ ਮੁਰਸ਼ਦ ਪਾਸੋਂ ਰੱਬੀ ਇਸ਼ਕ ਦਾ ਸਬਕ ਸਿੱਖ ਲਿਆ, ਤਾਂ ਮੇਰਾ ਦਿਲ ਮਸਜਿਦ ਕੋਲੋਂ ਲੰਘਦਿਆਂ ਡਰਨ ਲੱਗ ਪਿਆ ਅਤੇ ਮੈਂ ਭੱਜ ਕੇ ਠਾਕਰ ਦੁਆਰੇ ਵਿੱਚ ਜਾ ਵੜਿਆ, ਪਰ ਮੈਂ ਦੇਖਿਆ ਕਿ ਉੱਥੇ ਵੀ ਪ੍ਰਮਾਤਮਾ ਨਹੀਂ ਸੀ। ਅਸਲ ਵਿੱਚ ਪ੍ਰਮਾਤਮਾ ਬਾਹਰ ਕਿਤੇ ਨਹੀਂ ਉਹ ਸਭ ਦੇ ਹਿਰਦਿਆਂ ਵਿਚ ਵੱਸਦਾ ਹੈ। ਰੱਬ ਦੇ ਸੱਚੇ ਆਸ਼ਕਾਂ ਨੂੰ ਆਪਣੇ ਹਿਰਦੇ ਵਿੱਚੋਂ ਹੀ ਉਹ ਪਰਮਾਤਮਾ ਮਿਲਦਾ ਹੈ। ਇਹ ਰੱਬੀ ਇਸ਼ਕ ਦੀ ਨਵੀਂ ਬਹਾਰ ਹੈ।

**(ਸ) ਜਾਂ ਮੈਂ ਰਮਜ਼ ਇਸ਼ਕ ਦੀ ਪਾਈ , ਮੈਨਾ ਤੂਤੀ ਮਾਰ ਗਵਾਈ,**
**ਅੰਦਰ ਬਾਹਰ ਹੋਈ ਸਫ਼ਾਈ, ਜਿਤ ਵੱਲ ਵੇਖਾ ਯਾਰੋ ਯਾਰ ।**
**ਇਸ਼ਕ ਦੀ ਨਵੀਉਂ ਨਵੀਂ ਬਹਾਰ ।**

**ਪ੍ਰਸੰਗ -** ਇਹ ਕਾਵਿ-ਟੋਟਾ ਦਸਵੀਂ ਜਮਾਤ ਦੀ ਪੰਜਾਬੀ ਦੀ 'ਸਹਿਤ-ਮਾਲਾ' ਪੁਸਤਕ ਵਿੱਚ ਦਰਜ ਬੁੱਲ੍ਹੇ ਸ਼ਾਹ ਦੀ ਲਿਖੀ ਕਾਫ਼ੀ 'ਇਸ਼ਕ ਦੀ ਨਵੀਉਂ ਨਵੀਂ ਬਹਾਰ' ਵਿੱਚੋਂ ਲਿਆ ਗਿਆ ਹੈ। ਇਸ ਕਾਫ਼ੀ ਵਿੱਚ ਕਵੀ ਦੱਸਦਾ ਹੈ ਕਿ ਮੈਨੂੰ ਰੱਬ ਆਪਣੇ ਹਿਰਦੇ ਵਿਚੋਂ ਪ੍ਰਾਪਤ ਹੋਇਆ ਹੈ ਜਿਸ ਨਾਲ ਮੈਂ ਅੰਦਰ-ਬਾਹਰ ਤੋਂ ਪਵਿੱਤਰ ਹੋ ਗਿਆ ਹਾਂ। ਕਵੀ ਆਪਣੇ ਸੂਫ਼ੀ ਵਿਚਾਰਾਂ ਅਨੁਸਾਰ ਮਜ਼ਬੀ ਕਰਮ-ਕਾਂਡ ਦਾ ਖੰਡਨ ਕਰਦਾ ਹੈ ਅਤੇ ਰੱਬੀ ਇਸ਼ਕ ਦੁਆਰਾ ਪ੍ਰਾਪਤ ਆਨੰਦਮਈ ਅਵਸਥਾ ਦਾ ਗੁਣ-ਗਾਣ ਕਰਦਾ ਹੈ।

**ਵਿਆਖਿਆ -** ਬੁੱਲ੍ਹੇ ਸ਼ਾਹ ਕਹਿੰਦਾ ਹੈ ਕਿ ਜਦੋਂ ਮੈਂ ਆਪਣੇ ਮੁਰਸ਼ਦ ਦੀ ਸਿੱਖਿਆ ਨਾਲ ਰੱਬ ਦੇ ਇਸ਼ਕ ਦਾ ਭੇਦ ਪਾ ਲਿਆ, ਤਾਂ ਮੇਰੇ ਅੰਦਰੋਂ ਹਉਮੈਂ ਅਤੇ ਹੰਕਾਰ ਖਤਮ ਹੋ ਗਏ ਅਤੇ ਮੇਰੇ ਅਤੇ ਪ੍ਰਮਾਤਮਾ ਵਿੱਚ ਮੇਰੇ-ਤੇਰੇ ਵਾਲਾ ਫਰਕ ਖਤਮ ਹੋ ਗਿਆ। ਅਰਥਾਤ ਪ੍ਰਮਾਤਮਾ ਅਤੇ ਮੈਂ ਇੱਕ-ਮਿੱਕ ਹੋ ਗਏ ਅਤੇ ਅੰਦਰ-ਬਾਹਰ ਮੇਰਾ ਸਾਫ ਅਤੇ ਪਵਿੱਤਰ ਹੋ ਗਿਆ। ਮੇਰੇ ਸਾਰੇ ਭਰਮ-ਭੁਲੇਖੇ ਅਤੇ ਸ਼ੰਕੇ ਦੂਰ ਹੋ ਗਏ। ਹੁਣ ਮੈਂ ਜਿਸ ਪਾਸੇ ਵੀ ਨਜ਼ਰ ਮਾਰਦਾ ਹਾਂ ਮੈਨੂੰ ਆਪਣਾ ਅਸਲੀ ਯਾਰ ਉਹ ਪਰਮਾਤਮਾ ਹੀ ਦਿਖਾਈ ਦਿੰਦਾ ਹੈ। ਇਸ ਤਰ੍ਹਾਂ ਇਸ ਪਰਮਾਤਮਾ ਨਾਲ ਇਸ਼ਕ ਦੀ ਇਹ ਨਵੀਂ ਬਹਾਰ ਹੈ। ਇਸ ਨੂੰ ਅਪਣਾ ਕੇ ਮਨੁੱਖ ਰੱਬੀ ਇਸ਼ਕ ਨੂੰ ਪ੍ਰਾਪਤ ਕਰ ਸਕਦਾ ਹੈ।

**(ਹ) ਹੀਰ ਰਾਂਝੇ ਦੇ ਹੋ ਗਏ ਮੇਲੇ , ਭੁੱਲੀ ਹੀਰ ਢੂੰਢੇਂਦੀ ਬੇਲੇ,**
**ਰਾਂਝਣ ਯਾਰ ਬੁੱਕਲ ਵਿਚ ਖੇਲੇ,ਮੈਨੂੰ ਸੁਧ ਬੁਧ ਰਹੀ ਨਾ ਸਾਰ ।**
**ਇਸ਼ਕ ਦੀ ਨਵੀਉਂ ਨਵੀਂ ਬਹਾਰ ।**

**ਪ੍ਰਸੰਗ -** ਇਹ ਕਾਵਿ-ਟੋਟਾ ਦਸਵੀਂ ਜਮਾਤ ਦੀ ਪੰਜਾਬੀ ਦੀ 'ਸਹਿਤ-ਮਾਲਾ' ਪੁਸਤਕ ਵਿੱਚ ਦਰਜ ਬੁੱਲ੍ਹੇ ਸ਼ਾਹ ਦੀ ਲਿਖੀ ਕਾਫ਼ੀ 'ਇਸ਼ਕ ਦੀ ਨਵੀਉਂ ਨਵੀਂ ਬਹਾਰ' ਵਿੱਚੋਂ ਲਿਆ ਗਿਆ ਹੈ। ਇਸ ਕਾਫ਼ੀ ਵਿੱਚ ਕਵੀ ਦੱਸਦਾ ਹੈ ਕਿ ਰੱਬ ਨੂੰ ਮੈਂ ਬਾਹਰ ਲੱਭਿਆ,ਪਰ ਉਹ ਮੇਰੇ ਹਿਰਦੇ ਵਿਚ ਹੀ ਬੈਠਾ ਹੋਇਆ ਸੀ। ਕਵੀ ਆਪਣੇ ਸੂਫ਼ੀ ਵਿਚਾਰਾਂ ਅਨੁਸਾਰ ਮਜ਼ਬੀ ਕਰਮ-ਕਾਂਡ ਦਾ ਖੰਡਨ ਕਰਦਾ ਹੈ ਅਤੇ ਰੱਬੀ ਇਸ਼ਕ ਦੁਆਰਾ ਪ੍ਰਾਪਤ ਆਨੰਦਮਈ ਅਵਸਥਾ ਦਾ ਗੁਣ-ਗਾਣ ਕਰਦਾ ਹੈ।

**ਵਿਆਖਿਆ -** ਬੁੱਲ੍ਹੇ ਸ਼ਾਹ ਕਹਿੰਦਾ ਹੈ ਕਿ ਮੁਰਸ਼ਦ ਪਾਸੋਂ ਪ੍ਰਭੂ ਨੂੰ ਮਿਲਣ ਦਾ ਗਿਆਨ ਹਾਸਲ ਕਰਨ ਮਗਰੋਂ ਮੇਰਾ ਆਪਣੇ ਪਿਆਰੇ ਪ੍ਰਭੂ ਨਾਲ ਇਸ ਪ੍ਰਕਾਰ ਮਿਲਾਪ ਹੋ ਗਿਆ ਜਿਵੇਂ ਰਾਂਝੇ ਦਾ ਹੀਰ ਨਾਲ ਮਿਲਾਪ ਹੋਇਆ ਹੋਵੇ। ਇਸ ਸਥਿਤੀ ਵਿੱਚ ਪਹੁੰਚਣ ਤੋਂ ਪਹਿਲਾਂ ਮੇਰੀ ਹਾਲਤ ਵੀ ਹੀਰ ਵਰਗੀ ਸੀ, ਜੋ ਕਿ ਭੁੱਲੀ ਭਟਕੀ ਰਾਂਝੇ ਨੂੰ ਜੰਗਲਾਂ ਵਿਚ ਲੱਭਦੀ ਹੈ, ਜਦਕਿ

ਰਾਂਝਾ ਤਾਂ ਉਸ ਦੀ ਬਗਲ ਵਿੱਚ ਨੇੜੇ ਹੀ ਖੇਡ ਰਿਹਾ ਸੀ। ਪਰ ਉਸ ਦੀ ਉਸ ਨੂੰ ਕੋਈ ਸੁੱਧ-ਬੁੱਧ ਜਾਂ ਖਬਰ ਨਹੀਂ ਸੀ। ਰੱਬੀ ਇਸ਼ਕ ਦੁਆਰਾ ਆਪਣੇ ਪ੍ਰੀਤਮ ਨੂੰ ਪਾ ਕੇ ਰੱਬੀ ਆਸ਼ਕ ਇਸ਼ਕ ਦੀ ਨਵੀਂ ਬਹਾਰ ਦਾ ਆਨੰਦ ਮਾਣਦੇ ਹਨ।

**(ਕ) ਵੇਦ ਕੁਰਾਨਾਂ ਪੜ੍ਹ - ਪੜ੍ਹ ਥੱਕੇ , ਸਿਜਦੇ ਕਰਦਿਆਂ ਘੱਸ ਗਏ ਮੱਥੇ,**
**ਨਾ ਰੱਬ ਤੀਰਥ ਨਾ ਰੱਬ ਮੱਕੇ, ਜਿਨ ਪਾਇਆ ਤਿਨ ਨੂਰ ਅਨਵਾਰ ।**
**ਇਸ਼ਕ ਦੀ ਨਵੀਉਂ ਨਵੀਂ ਬਹਾਰ ।**

**ਪ੍ਰਸੰਗ -** ਇਹ ਕਾਵਿ-ਟੋਟਾ ਦਸਵੀਂ ਜਮਾਤ ਦੀ ਪੰਜਾਬੀ ਦੀ 'ਸਹਿਤ-ਮਾਲਾ' ਪੁਸਤਕ ਵਿੱਚ ਦਰਜ ਬੁੱਲ੍ਹੇ ਸ਼ਾਹ ਦੀ ਲਿਖੀ ਕਾਫ਼ੀ 'ਇਸ਼ਕ ਦੀ ਨਵੀਉਂ ਨਵੀਂ ਬਹਾਰ' ਵਿੱਚੋਂ ਲਿਆ ਗਿਆ ਹੈ। ਇਸ ਕਾਫ਼ੀ ਵਿੱਚ ਕਵੀ ਦੱਸਦਾ ਹੈ ਕਿ ਮੈਂ ਰੱਬ ਨੂੰ ਪ੍ਰਾਪਤ ਕਰਨ ਲਈ ਮਜ਼੍ਹਬੀ ਕਰਮ-ਕਾਂਡ ਕੀਤੇ, ਪਰ ਸਾਰੇ ਵਿਅਰਥ ਸਨ। ਕਵੀ ਰੱਬੀ ਇਸ਼ਕ ਦੁਆਰਾ ਪ੍ਰਾਪਤ ਆਨੰਦਮਈ ਅਵਸਥਾ ਦਾ ਗੁਣ-ਗਾਣ ਕਰਦਾ ਹੈ।

**ਵਿਆਖਿਆ -** ਬੁੱਲ੍ਹੇ ਸ਼ਾਹ ਕਹਿੰਦਾ ਹੈ ਕਿ ਧਾਰਮਿਕ ਕਰਮ-ਕਾਂਡ ਕਰਕੇ ਵੇਦਾਂ ਅਤੇ ਕੁਰਾਨਾਂ ਨੂੰ ਪੜ੍ਹ ਕੇ ਮੈਂ ਥੱਕ ਗਿਆ ਸੀ। ਮੰਦਰਾਂ ਅਤੇ ਮਸੀਤਾਂ ਵਿੱਚ ਮੱਥਾ ਟੇਕ ਕੇ ਮੇਰੇ ਮੱਥੇ ਵੀ ਘਸ ਗਏ ਸਨ। ਰੱਬ ਤੀਰਥ ਅਸਥਾਨਾਂ ਅਤੇ ਮੱਕੇ ਵਿੱਚ ਜਾ ਕੇ ਨਹੀਂ ਮਿਲਦਾ। ਜਿਹੜਾ ਹਕੀਕੀ ਇਸ਼ਕ ਕਰਕੇ ਪ੍ਰਮਾਤਮਾ ਨੂੰ ਪਾ ਲੈਂਦਾ ਹੈ, ਉਹ ਉਸ ਦੇ ਨੂਰ ਨਾਲ ਇੱਕ-ਮਿੱਕ ਹੋ ਜਾਂਦਾ ਹੈ। ਰੱਬ ਦੇ ਆਸ਼ਕ ਪ੍ਰਮਾਤਮਾ ਨਾਲ ਇਸ਼ਕ ਕਰਕੇ ਇੱਕ-ਮਿੱਕ ਹੋ ਕੇ ਇਸ਼ਕ ਦੀ ਨਵੀਂ ਬਹਾਰ ਦਾ ਆਨੰਦ ਮਾਣਦੇ ਹਨ।

**(ਖ) ਇਸ਼ਕ ਭੁਲਾਇਆ ਸਿਜਦਾ ਤੇਰਾ, ਹੁਣ ਕਿਉਂ ਐਵੇਂ ਪਾਵੇਂ ਝੇੜਾ?**
**ਬੁੱਲ੍ਹਾ ਹੋ ਰਹੁ ਚੁੱਪ ਬਥੇਰਾ , ਚੱਕੀ ਸਗਲੀ ਕੂਕ ਪੁਕਾਰ ।**
**ਇਸ਼ਕ ਦੀ ਨਵੀਉਂ ਨਵੀਂ ਬਹਾਰ ।**

**ਪ੍ਰਸੰਗ -** ਇਹ ਕਾਵਿ-ਟੋਟਾ ਦਸਵੀਂ ਜਮਾਤ ਦੀ ਪੰਜਾਬੀ ਦੀ 'ਸਹਿਤ-ਮਾਲਾ' ਪੁਸਤਕ ਵਿੱਚ ਦਰਜ ਬੁੱਲ੍ਹੇ ਸ਼ਾਹ ਦੀ ਲਿਖੀ ਕਾਫ਼ੀ 'ਇਸ਼ਕ ਦੀ ਨਵੀਉਂ ਨਵੀਂ ਬਹਾਰ' ਵਿੱਚੋਂ ਲਿਆ ਗਿਆ ਹੈ। ਇਸ ਕਾਫ਼ੀ ਵਿੱਚ ਕਵੀ ਦੱਸਦਾ ਹੈ ਕਿ ਜਦੋਂ ਮੈਂ ਰੱਬ ਨੂੰ ਆਪਣੇ ਹਿਰਦੇ ਵਿਚੋਂ ਪਾ ਲਿਆ, ਤਾਂ ਮੈਂ ਸਭ ਮਜ਼੍ਹਬੀ ਕਰਮ-ਕਾਂਡ ਭੁੱਲ ਗਿਆ। ਕਵੀ ਰੱਬੀ ਇਸ਼ਕ ਦੁਆਰਾ ਪ੍ਰਾਪਤ ਆਨੰਦਮਈ ਅਵਸਥਾ ਦਾ ਗੁਣ-ਗਾਣ ਕਰਦਾ ਹੈ।

**ਵਿਆਖਿਆ** - ਬੁੱਲੇ ਸ਼ਾਹ ਕਹਿੰਦਾ ਹੈ ਕਿ ਹੇ ਪ੍ਰਭੂ! ਤੇਰੇ ਸੱਚੇ ਇਸ਼ਕ ਨੇ ਮੈਨੂੰ ਕਰਮ-ਕਾਂਡੀਆਂ ਵਾਂਗ ਮੱਥੇ ਟੇਕਣਾ ਭੁਲਾ ਦਿੱਤਾ। ਜਦੋਂ ਮੈਂ ਤੇਰੇ ਨਾਲ ਇੱਕ-ਮਿੱਕ ਹੋ ਗਿਆ ਹਾਂ, ਤਾਂ ਮੈਨੂੰ ਕਿਸੇ ਹੋਰ ਝਗੜੇ ਵਿੱਚ ਪੈਣ ਦੀ ਜ਼ਰੂਰਤ ਨਹੀਂ ਰਹੀ ਹੈ। ਹੁਣ ਮੈਂ ਚੁੱਪ-ਚਾਪ ਕਰਕੇ ਬੈਠਣਾ ਚਾਹੁੰਦਾ ਹੈ। ਹੁਣ ਮੇਰੀ ਹਰ ਤਰ੍ਹਾਂ ਦੀ ਭੜਕਣਾ ਅਤੇ ਕੂਕ-ਪੁਕਾਰ ਖਤਮ ਹੋ ਗਈ ਹੈ। ਮੈਂ ਜਾਣ ਗਿਆ ਹਾਂ ਕਿ ਪ੍ਰਮਾਤਮਾ ਮੇਰੇ ਅੰਦਰ ਵੱਸਦਾ ਹੈ। ਇਸ ਤਰ੍ਹਾਂ ਮੈਂ ਰੱਬੀ ਇਸ਼ਕ ਦੀ ਨਵੀਓਂ ਨਵੀਂ ਬਹਾਰ ਦਾ ਆਨੰਦ ਮਾਣ ਰਿਹਾ ਹਾਂ।

## ਕੇਂਦਰੀ ਭਾਵ

ਸੂਫ਼ੀ ਫ਼ਕੀਰ ਮਜ਼੍ਹਬਾਂ ਦੇ ਕਰਮਕਾਂਡਾਂ ਤੋਂ ਦੂਰ ਰਹਿੰਦਾ ਹੈ ਅਤੇ ਰੱਬ ਦਾ ਪਿਆਰ ਪਾ ਕੇ ਉਸ ਦੇ ਇਸ਼ਕ ਦੀ ਨਵੀਂ ਬਹਾਰ ਦਾ ਆਨੰਦ ਮਾਣਦਾ ਹੋਇਆ ਉਸ ਨਾਲ ਇੱਕ ਮਿੱਕ ਹੋ ਜਾਂਦਾ ਹੈ।

## ਵਸਤੂਨਿਸ਼ਠ ਪ੍ਰਸ਼ਨ

**ਪ੍ਰਸ਼ਨ 1. 'ਇਸ਼ਕ ਦੀ ਨਵੀਓਂ ਨਵੀਂ ਬਹਾਰ' ਕਵਿਤਾ ਵਿੱਚ ਕਵੀ ਕਿਹੜੇ ਇਸ਼ਕ ਦੀ ਗੱਲ ਕਰਦਾ ਹੈ?**

ਉੱਤਰ - ਹਕੀਕੀ ਇਸ਼ਕ ਦੀ ।

**ਪ੍ਰਸ਼ਨ 2. ਬੁੱਲ੍ਹੇ ਸ਼ਾਹ ਕਿਹੜੀ ਚੀਜ਼ ਫੂਕਣ ਲਈ ਕਹਿੰਦਾ ਹੈ ?**

ਉੱਤਰ - ਮੁਸੱਲਾ ।

**ਪ੍ਰਸ਼ਨ 3. ਬੁੱਲ੍ਹੇ ਸ਼ਾਹ ਕਿਹੜੀ ਚੀਜ਼ ਭੰਨਣ ਲਈ ਕਹਿੰਦਾ ਹੈ ?**

ਉੱਤਰ – ਲੋਟਾ ।

**ਪ੍ਰਸ਼ਨ 4. ਬੁੱਲੇ ਸ਼ਾਹ ਦਾ ਮਹਿਰਮ ਯਾਰ ਕੌਣ ਹੈ ।**

ਉੱਤਰ - ਰੱਬ ।

**ਪ੍ਰਸ਼ਨ 5. ਬੁੱਲ੍ਹੇ ਸ਼ਾਹ ਨੇ 'ਹੀਰ' ਸ਼ਬਦ ਕਿਸ ਲਈ ਵਰਤਿਆ ਹੈ ?**

ਉੱਤਰ - ਆਪਣੇ ਲਈ ।

**ਪ੍ਰਸ਼ਨ 6. 'ਬੇਲਾ' ਕਾਹਦਾ ਪ੍ਰਤੀਕ ਹੈ ?**

ਉੱਤਰ - ਮਜ਼ਹਬੀ ਕਰਮ-ਕਾਂਡ ਦਾ।

## 3. ਤੇਰਾ ਨਾਮ ਧਿਆਈਦਾ ਸਾਈਂ

**ਤੇਰਾ ਨਾਮ ਧਿਆਈਦਾ ਸਾਈਂ, ਤੇਰਾ ਨਾਮ ਧਿਆਈਦਾ ।**
**ਬੁੱਲ੍ਹੇ ਨਾਲੋਂ ਚੁਲ੍ਹਾ ਚੰਗਾ, ਜਿਸ ਪਰ ਤਾਮ ਪਕਾਈਦਾ ।**
**ਰਲ ਫਕੀਰਾਂ ਮਜਲਸ ਕੀਤੀ , ਭੋਰਾ - ਭੋਰਾ ਖਾਈਦਾ ।**
**ਰੰਗੜ ਨਾਲੋਂ ਖਿੰਗਰ ਚੰਗਾ,ਜਿਸ ਪਰ ਪੈਰ ਘਸਾਈਦਾ ।**
**ਬੁੱਲ੍ਹਾ ਸ਼ਹੁ ਨੂੰ ਸੋਈ ਪਾਵੇ , ਜੋ ਬੱਕਰਾ ਬਣੇ ਕਸਾਈਦਾ ।**

**ਪ੍ਰਸੰਗ -** ਇਹ ਕਾਵਿ-ਟੋਟਾ ਦਸਵੀਂ ਜਮਾਤ ਦੀ ਪੰਜਾਬੀ ਦੀ 'ਸਹਿਤ - ਮਾਲਾ' ਪੁਸਤਕ ਵਿੱਚ ਦਰਜ ਬੁੱਲ੍ਹੇ ਸ਼ਾਹ ਦੀ ਲਿਖੀ ਕਾਫ਼ੀ 'ਤੇਰਾ ਨਾਮ ਧਿਆਈਦਾ ਸਾਈਂ' ਵਿੱਚੋਂ ਲਿਆ ਗਿਆ ਹੈ। ਇਸ ਕਾਫ਼ੀ ਵਿੱਚ ਕਵੀ ਦੱਸਦਾ ਹੈ ਕਿ ਮੇਰੀ ਆਪਣੀ ਕੋਈ ਹਸਤੀ ਨਹੀਂ ਹੈ। ਮੈਂ ਆਪਣੇ ਮਾਲਕ-ਪ੍ਰਭੂ ਨੂੰ ਧਿਆਉਂਦਾ ਹਾਂ।

**ਵਿਆਖਿਆ -** ਕਵੀ ਕਹਿੰਦਾ ਹੈ ਕਿ ਹੇ ਪ੍ਰਭੂ! ਮੈਂ ਕੇਵਲ ਤੇਰੇ ਨਾਮ ਦਾ ਹੀ ਸਿਮਰਨ ਕਰਦਾ ਹਾਂ। ਮੈਂ ਇੱਕ ਨਿਕਾਰੀ ਜਿਹੀ ਵਸਤੂ ਹਾਂ। ਮੇਰੇ ਨਾਲੋਂ ਤਾਂ ਚੁੱਲ੍ਹਾ ਹੀ ਚੰਗਾ ਹੈ, ਜਿਸ ਉੱਤੇ ਰੋਟੀ ਪਕਾਈ ਜਾਂਦੀ ਹੈ ਅਤੇ ਫਕੀਰ ਲੋਕ ਇੱਕ ਦੂਜੇ ਦੀ ਸੰਗਤ ਵਿੱਚ ਬੈਠ ਕੇ ਭੋਰਾ-ਭੋਰਾ ਖਾ ਕੇ ਢਿੱਡ ਨੂੰ ਆਸਰਾ ਦਿੰਦੇ ਹਨ। ਮੈਂ ਕਿਸੇ ਕੰਮ ਆਉਣ ਜੋਗਾ ਨਹੀਂ ਹਾਂ। ਮੇਰੇ ਵਿੱਚ ਰੰਗੜ ਵਾਲੀ ਹਉਮੈਂ ਤੇ ਹੰਕਾਰ ਨਹੀਂ ਹੈ । ਮੈਂ ਰੰਗੜ ਨਾਲੋਂ ਖਿੰਗਰ ਨੂੰ ਚੰਗਾ ਸਮਝਦਾ ਹਾਂ ,ਜਿਸ ਉੱਤੇ ਪੈਰਾਂ ਨੂੰ ਘਸਾ ਕੇ ਸਾਫ ਕੀਤਾ ਜਾ ਸਕਦਾ ਹੈ। ਅਸਲ ਵਿੱਚ ਹੰਕਾਰੀ ਬੰਦਾ ਰੱਬ ਨੂੰ ਪਾ ਨਹੀਂ ਸਕਦਾ। ਉਹ ਹੀ ਰੱਬ ਨੂੰ ਪਾ ਸਕਦਾ ਹੈ, ਜੋ ਕਸਾਈ ਦੇ ਬੱਕਰੇ ਵਾਂਗ ਕੁਰਬਾਨੀ ਦੇਣ ਲਈ ਤਿਆਰ ਹੋਵੇ, ਭਾਵ ਸਭ ਪ੍ਰਕਾਰ ਦੇ ਹੰਕਾਰ ਅਤੇ ਮਾਣ ਤਿਆਗ ਕੇ ਨਿਮਾਣਾ ਬਣ ਜਾਵੇ।

### ਕੇਂਦਰੀ ਭਾਵ

ਮਨੁੱਖ ਨੂੰ ਪਰਮਾਤਮਾ ਦਾ ਨਾਮ ਧਿਆਉਣਾ ਚਾਹੀਦਾ ਹੈ ਅਤੇ ਨਿਰਮਾਣਤਾ ਨੂੰ ਧਾਰਨ ਕਰਕੇ ਹੀ ਰੱਖਣਾ ਚਾਹੀਦਾ ਹੈ ਕਿਉਂਕਿ ਪ੍ਰਮਾਤਮਾ ਦੇ ਇਸ਼ਕ ਵਿੱਚ ਜਾਨ ਦੀ ਬਾਜ਼ੀ ਲਾ ਕੇ ਹੀ ਉਹ ਪ੍ਰਮਾਤਮਾ ਨੂੰ ਪਾ ਸਕਦਾ ਹੈ।

### ਵਸਤੂਨਿਸ਼ਠ ਪ੍ਰਸ਼ਨ

**ਪ੍ਰਸ਼ਨ 1. ਬੁੱਲ੍ਹੇ ਨਾਲੋਂ ਚੰਗਾ ਕਿਸ ਨੂੰ ਕਿਹਾ ਗਿਆ ਹੈ ?**

ਉੱਤਰ - ਚੁੱਲ੍ਹੇ ਨੂੰ ।

**ਪ੍ਰਸ਼ਨ 2. ਰੰਗੜ ਨਾਲੋਂ ਚੰਗਾ ਕਿਸ ਨੂੰ ਕਿਹਾ ਗਿਆ ਹੈ ?**

ਉੱਤਰ - ਖਿੰਗਰ ਨੂੰ ।

**ਪ੍ਰਸ਼ਨ 3. ਸਹੁ ਨੂੰ ਕੌਣ ਪਾਉਂਦਾ ਹੈ ?**

ਉੱਤਰ - ਜੋ ਕੁਰਬਾਨੀ ਦਿੰਦਾ ਹੈ ।

**ਪ੍ਰਸ਼ਨ 4. ਬੁੱਲ੍ਹੇ ਸ਼ਾਹ ਦਾ ਜਨਮ ਕਦੋਂ ਹੋਇਆ ?**

ਉੱਤਰ – 1680 ਈ: ।

**ਪ੍ਰਸ਼ਨ 5. ਬੁੱਲ੍ਹੇ ਸ਼ਾਹ ਦਾ ਮੁਰਸ਼ਦ ਕੌਣ ਸੀ ?**

ਉੱਤਰ - ਇਨਾਇਤ ਸ਼ਾਹ ਕਾਦਰੀ ।